**ਡਾਇਰੈਕਟੋਰੇਟ ਸਥਾਨਕ ਸਰਕਾਰ ਪੰਜਾਬ ਚੰਡੀਗੜ੍ਹ**
**( ਜਨਰਲ ਸਾਖਾ)**

ਸੇਵਾ ਵਿਖੇ

1) ਸਮੂਹ ਕਮਿਸਨਰ, ਨਗਰ ਨਿਗਮ ;
2) ਸਮੂਹ ਰਿਜਨਲ ਡਿਪਟੀ ਡਾਇਰੈਕਟਰ,
ਸਥਾਨਕ ਸਰਕਾਰ ;
3) ਸਮੂਹ ਕਾਰਜ ਸਾਧਕ ਅਫਸਰ,
ਨਗਰ ਕੌਸਲਾਂ/ਨਗਰ ਪੰਚਾਇਤਾਂ (ਪੰਜਾਬ ਰਾਜ ਵਿੱਚ )

ਯਾਦ ਪੱਤਰ ਨੰ:ਸ2-ਜਬ-ਡਸਸ-12/ 29669-815
ਮਿਤੀ 7/8/12

ਵਿਸ਼ਾ:- ਜਨਮ ਅਤੇ ਮੌਤ ਰਜਿਸਟਰੇਸਨ ਦੀ ਪ੍ਰਣਾਲੀ ਵਿੱਚ ਸੁਧਾਰ ਸਬੰਧੀ ।

*************

ਵਿਸੇ ਸਬੰਧੀ ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ-ਕਮ-ਚੀਫ ਰਜਿਸਟਰਾਰ ਜਨਮ ਅਤੇ ਮੌਤ, ਪੰਜਾਬ ਦੀ ਪ੍ਰਧਾਨਗੀ ਹੇਠ ਮਿਤੀ 27-7-2012 ਨੂੰ ਹੋਈ ਮੀਟਿੰਗ ਵਿੱਚ ਇਸ ਵਿਭਾਗ ਨਾਲ ਸਬੰਧਤ ਹੇਠ ਲਿਖੇ ਅਨੁਸਾਰ ਮਸਲੇ ਵਿਚਾਰੇ ਗਏ :-

(1) ਕਈ ਨਗਰ ਨਿਗਮਾਂ/ ਨਗਰ ਕੌਸਲਾਂ/ਨਗਰ ਪੰਚਾਇਤਾਂ ਵੱਲੋ ਆਪਣੇ ਪੱਧਰ ਤੇ ਜਨਮ ਅਤੇ ਮੌਤ ਦੇ ਸਰਟੀਫਿਕੇਟ ਛਪਵਾ ਕੇ ਜਾਰੀ ਕੀਤੇ ਜਾ ਰਹੇ ਹਨ, ਜਦੋਂ ਕਿ ਡਾਇਰੈਕਟਰ, ਸਿਹਤ ਸੇਵਾਵਾਂ ਵੱਲੋਂ ਲੋੜੀਂਦੇ ਸਰਟੀਫਿਕੇਟ ਨਿਰਧਾਰਤ ਪ੍ਰਫਾਰਮੇ ਵਿੱਚ ਤਿਆਰ ਕਰਕੇ ਭੇਜੇ ਜਾਂਦੇ ਹਨ ਜਿਨ੍ਹਾਂ ਵਿੱਚ ਰਾਸਟਰੀ ਚਿੰਨ ਉਕਰਿਆ ਹੁੰਦਾ ਹੈ । ਸਹਿਰੀ ਸਥਾਨਕ ਸੰਸਥਾਵਾਂ ਵੱਲੋਂ ਜਾਰੀ ਕੀਤੇ ਜਾਣ ਵਾਲੇ ਸਰਟੀਫਿਕੇਟਾਂ ਵਿੱਚ ਰਾਜ ਸਰਕਾਰ ਜਾਂ ਨਗਰ ਨਿਗਮ ਦਾ ਚਿੰਨ ( ਲੋਗੋ ) ਉਕਰਿਆ ਹੁੰਦਾ ਹੈ ਜੋ ਕਿ ਠੀਕ ਨਹੀ ਹੈ । ਵਿਦੇਸ ਜਾਣ ਸਮੇ ਭਾਰਤ ਸਰਕਾਰ ਦਾ ਚਿੰਨ੍ਹ ਪਹਿਚਾਣਿਆ ਜਾਂਦਾ ਹੈ ਅਤੇ ਲੋਕਲ ਅਥਾਰਟੀ ਵੱਲੋਂ ਆਪਣੇ ਪੱਧਰ ਤੇ ਜਾਰੀ ਕੀਤੇ ਸਰਟੀਫਿਕੇਟਾਂ ਸਬੰਧੀ ਕਈ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ । ਇਸ ਲਈ ਸਹਿਰੀ ਸਥਾਨਕ ਸੰਸਥਾਵਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਡਾਇਰੈਕਟਰ, ਸਿਹਤ ਸੇਵਾਵਾਂ ਵੱਲੋਂ ਨਿਰਧਾਰਤ ਪ੍ਰਫਾਰਮੇ ਵਿੱਚ ਜਨਮ ਅਤੇ ਮੌਤ ਦੇ ਸਰਟੀਫਿਕੇਟ ਹੀ ਜਾਰੀ ਕੀਤੇ ਜਾਣ ।

(2) ਜਨਮ ਅਤੇ ਮੌਤ ਸਬੰਧੀ ਰਜਿਸਟਰੇਸਨ/ਸਰਟੀਫਿਕੇਟ ਜਾਰੀ ਕਰਨ ਲਈ ਜੋ ਫੀਸ ਲਈ ਜਾਂਦੀ ਹੈ ਉਹ ਸਰਕਾਰ ਦੇ ਖਾਤੇ ਵਿੱਚ ਜਮਾਂ ਕਰਵਾਉਣੀ ਹੁੰਦੀ ਹੈ । ਪ੍ਰੰਤੂ ਸਿਹਤ ਵਿਭਾਗ ਦੇ ਨੋਟਿਸ ਵਿੱਚ ਆਇਆ ਹੈ ਕਿ ਕਈ ਸਹਿਰੀ ਸਥਾਨਕ ਸੰਸਥਾਵਾਂ ਵੱਲੋਂ ਉਕਤ ਅਨੁਸਾਰ ਕਾਰਵਾਈ ਨਹੀ ਕੀਤੀ ਜਾ ਰਹੀ । ਇਸ ਲਈ ਹਦਾਇਤ ਕੀਤੀ ਜਾਂਦੀ ਹੈ ਕਿ ਜਨਮ ਅਤੇ ਮੌਤ ਸਰਟੀਫਿਕੇਟ ਲਈ ਜੋ ਫੀਸ ਲਈ ਜਾਂਦੀ ਹੈ ਉਹ ਸਰਕਾਰ ਦੇ ਖਾਤੇ ਵਿੱਚ ਹੀ ਜਮ੍ਹਾਂ ਕਰਵਾਈ ਜਾਵੇ ।

(3) ਕਈ ਸਹਿਰੀ ਸਥਾਨਕ ਸੰਸਥਾਵਾਂ ਵੱਲੋ ਆਪਣੇ ਪੱਧਰ ਤੇ ਜਨਮ ਅਤੇ ਮੌਤ ਰਜਿਸਟਰੇਸਨ /ਸਬ-ਰਜਿਸਟਰਾਰ ਡਿਕਲੇਅਰ ਕੀਤੇ ਗਏ ਹਨ ਜੋ ਕਿ ਕਾਨੂੰਨ ਅਨੁਸਾਰ ਠੀਕ ਨਹੀ ਹਨ । ਇਸ ਸਬੰਧੀ ਪ੍ਰਵਾਨਗੀ ਡਾਇਰੈਕਟਰ ਸਿਹਤ ਸੇਵਾਵਾਂ ਤੋਂ ਲੈਣੀ ਬਣਦੀ ਹੈ । ਇਸ ਲਈ ਹਦਾਇਤ ਕੀਤੀ ਜਾਂਦੀ ਹੈ ਕਿ ਅਜਿਹੇ ਸਾਰੇ ਕੇਸਾਂ ਵਿੱਚ ਡਾਇਰੈਕਟਰ ਸਿਹਤ ਸੇਵਾਵਾਂ ਤੋਂ ਪ੍ਰਵਾਨਗੀ ਹਾਸਲ ਕੀਤੀ ਜਾਵੇ ।

(4) ਲੁਧਿਆਣਾ ਨਗਰ ਨਿਗਮ ਦੇ ਮਾਮਲੇ ਵਿੱਚ ਇਹ ਧਿਆਨ ਵਿੱਚ ਆਇਆ ਹੈ ਕਿ ਉਥੇ ਨਗਰ ਨਿਗਮ ਦੀ ਪੱਧਰ ਤੇ ਕਈ ਅਧਿਕਾਰੀਆਂ ਨੂੰ ਰਜਿਸਟਰਾਰ,ਜਨਮ ਅਤੇ ਮੌਤ ਡਿਕਲੇਅਰ ਕੀਤਾ ਹੋਇਆ ਹੈ । ਕਾਨੂੰਨ ਅਨੁਸਾਰ ਇੱਕ ਸਹਿਰ ਵਿੱਚ ਕੇਵਲ ਇੱਕ ਰਜਿਸਟਰਾਰ ਨਿਯੁਕਤ ਕੀਤਾ ਜਾ ਸਕਦਾ ਹੈ ਅਤੇ ਇਸ ਤੋਂ ਇਲਾਵਾ ਉੱਥੇ ਇੱਕ ਤੋਂ ਵੱਧ ਸਬ-ਰਜਿਸਟਰਾਰ,ਜਨਮ ਅਤੇ ਮੌਤ ਕੇਵਲ ਚੀਫ ਰਜਿਸਟਰਾਰ,ਜਨਮ ਅਤੇ ਮੌਤ ( ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ) ਦੀ ਪ੍ਰਵਾਨਗੀ ਨਾਲ ਲਗਾਏ ਜਾ ਸਕਦੇ ਹਨ । ਇਸ ਸਬੰਧ ਵਿੱਚ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕਾਰਵਾਈ ਕਰਨਾ ਯਕੀਨੀ ਬਣਾਇਆ ਜਾਵੇ ਅਤੇ ਪਾਲਣਾ ਕਰਨ ਉਪਰੰਤ ਸਰਕਾਰ ਨੂੰ ਸੂਚਿਤ ਕੀਤਾ ਜਾਵੇ ।

(5) ਜਨਮ, ਮੌਤ ਅਤੇ ਮੁਰਦਾ ਜਨਮ ( Birth, Death and Still Birth ) ਦੀ ਰਜਿਸਟਰੇਸਨ ਸਬੰਧੀ ਸਹਿਰੀ ਸਥਾਨਕ ਸੰਸਥਾਵਾਂ ਵੱਲੋਂ ਜਨਤਾ ਨੂੰ ਜਾਗਰੂਕ ਕਰਨ ਲਈ ਕਦਮ ਉਠਾਏ ਜਾਣ ਦੀ ਲੋੜ ਹੈ ।

ਰਜਿਸਟਰਾਰ ਦੇ ਦਫਤਰ ਦੇ ਬਾਹਰ ਅਤੇ ਹੋਰ ਪਬਲਿਕ ਥਾਵਾਂ ਤੇ ਜਨਮ ਅਤੇ ਮੌਤ ਰਜਿਸਟਰ ਕਰਵਾਉਣ ਸਬੰਧੀ ਮਹੱਤਤਾ/ਲੋੜ ਬਾਰੇ ਜਾਣਕਾਰੀ ਦਿੰਦੇ ਬੋਰਡ ਆਦਿ ਲਗਾਉਣੇ ਚਾਹੀਦੇ ਹਨ ।

(6) ਰਾਜ ਸਰਕਾਰ ਵੱਲੋਂ ਇਹ ਫੈਸਲਾ ਲਿਆ ਗਿਆ ਸੀ ਕਿ ਜਿਹਨਾਂ ਬੱਚਿਆਂ ਦੇ ਜਨਮ ਇੰਦਰਾਜਾਂ ਵਿੱਚ ਬੱਚਿਆਂ ਦੇ ਨਾਮ ਕਿਸੇ ਵੀ ਕਾਰਨ ਦਰਜ ਹੋਣ ਤੋਂ ਰਹਿ ਗਏ ਹਨ ਅਤੇ ਇਹਨਾਂ ਬੱਚਿਆਂ ਦੇ ਨਾਮ ਮੌਜੂਦਾ ਰਾਜ ਨਿਯਮ 10 ਅਧੀਨ ਦਰਜ ਕੀਤਾ ਜਾਣਾ ਸੰਭਵ ਨਾ ਹੋਵੇ ਤਾਂ ਅਜਿਹੇ ਕੇਸਾਂ ਵਿੱਚ ਬੱਚੇ ਦੇ ਮਾਪੇ ਜਾਂ ਸਰਪ੍ਰਸਤ ਜਨਮ ਇੰਦਰਾਜ ਵਿੱਚ ਬੱਚੇ ਦਾ ਨਾਮ 1.1.2011 ਤੋਂ 31-12-2012 ਤੱਕ ਉਸੇ ਤਰ੍ਹਾਂ ਦਰਜ ਕਰਵਾ ਸਕਣਗੇ ਜਿਸ ਤਰ੍ਹਾਂ ਰਾਜ ਨਿਯਮ 10 ਅਧੀਨ ਕਰਵਾਇਆ ਜਾਂਦਾ ਹੈ । ਇਸ ਸਬੰਧ ਵਿੱਚ ਵੀ ਜਨਤਾ ਨੂੰ ਜਾਗਰੂਕ ਕਰਵਾਉਣ ਦੀ ਲੋੜ ਹੈ ।

(7) ਬੱਚਿਆਂ ਦੇ ਜਨਮ ਸਮੇ ਸਰਟੀਫਿਕੇਟ ਵਿੱਚ ਉਸਦਾ ਨਾਮ ਨਹੀ ਲਿਖਿਆ ਹੁੰਦਾ ਕੇਵਲ ਮੇਲ ਜਾਂ ਫੀਮੇਲ ਹੋਣ ਬਾਰੇ ਹੀ ਲਿਖਿਆ ਹੁੰਦਾ ਹੈ । ਸਰਟੀਫਿਕੇਟਾਂ ਵਿੱਚ ਬੱਚੇ ਦਾ ਨਾਮ ਛੇਤੀ ਤੋਂ ਛੇਤੀ ਦਰਜ ਹੋਣਾ ਚਾਹੀਦਾ ਹੈ । ਇਹ ਸੁਝਾਅ ਦਿੱਤਾ ਗਿਆ ਹੈ ਕਿ ਬੱਚੇ ਦੇ ਸਕੂਲ ਵਿੱਚ ਦਾਖਲੇ ਸਮੇ ਸਰਟੀਫਿਕੇਟ ਜਾਰੀ ਕਰਨ ਤੋਂ ਪਹਿਲਾਂ ਉਸਦੇ ਨਾਮ ਦਾ ਇੰਦਰਾਜ ਕਰ ਲਿਆ ਜਾਵੇ ।

(8) ਜਨਮ ਅਤੇ ਮੌਤ ਸਬੰਧੀ ਸਾਰਾ ਰਿਕਾਰਡ ਕੰਪਿਊਟਰਾਈਜ਼ਡ ਕਰਵਾਉਣ ਦੇ ਉਪਰਾਲੇ ਕੀਤੇ ਜਾਣ ।

ਆਪ ਨੂੰ ਉਪਰੋਕਤ ਅਨੁਸਾਰ ਕਾਰਵਾਈ ਕਰਨ ਲਈ ਬੇਨਤੀ ਕੀਤੀ ਜਾਂਦੀ ਹੈ ।

ਸੁਪਰਡੰਟ